# ਖੂਹ ਦੇ ਪਾਣੀ ਦੀ ਜਾਂਚ
# Well Water Testing

## ਕੀ ਮੇਰੇ ਖੂਹ ਦਾ ਪਾਣੀ ਪੀਣ ਵਾਸਤੇ ਸੁਰੱਖਿਅਤ ਹੈ?

ਜੇ ਤੁਹਾਡਾ ਪੀਣ ਦਾ ਪਾਣੀ ਨਿਜੀ ਖੂਹ ਤੋਂ ਆਉਂਦਾ ਹੈ, ਤਾਂ ਤੁਹਾਨੂੰ ਉਸਦੀ ਇੱਕ ਪ੍ਰਯੋਗਸ਼ਾਲਾ ਦੁਆਰਾ ਇਹ ਪਤਾ ਕਰਨ ਵਾਸਤੇ ਜਾਂਚ ਕਰਵਾਉਣੀ ਚਾਹੀਦੀ ਹੈ ਕਿ ਤੁਹਾਡਾ ਪਾਣੀ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਸੁਰੱਖਿਅਤ ਹੈ ਜਾਂ ਨਹੀਂ।

ਅਸੁਰੱਖਿਅਤ ਪਾਣੀ ਤੁਹਾਨੂੰ ਬੀਮਾਰ ਕਰ ਸਕਦਾ ਹੈ। ਭਾਵੇਂ ਤੁਸੀਂ ਇਸ ਵੇਲੇ ਬੀਮਾਰ ਨਹੀਂ ਹੋ, ਸੰਭਵ ਹੈ ਕਿ ਤੁਹਾਡੇ ਖੂਹ ਦਾ ਪਾਣੀ ਸੁਰੱਖਿਅਤ ਨਾ ਹੋਏ। ਖੂਹ ਦੇ ਪਾਣੀ ਵਿੱਚ ਪਾਏ ਜਾਣ ਵਾਲੇ ਦੂਸ਼ਿਤ ਕਰਨ ਵਾਲੇ ਕਈ ਪਦਾਰਥ ਸਿਹਤ ਸੰਬੰਧੀ ਲੰਮੇ ਸਮੇਂ ਦੀਆਂ ਸਮਸਿਆਵਾਂ ਦਾ ਕਾਰਣ ਬਣ ਸਕਦੇ ਹਨ।

ਬੀ.ਸੀ. ਵਿੱਚ ਪਾਣੀ ਦੇ ਸਾਰੇ ਸਪਲਾਈਰਾਂ ਲਈ ਨਿਯਮਿਤ ਰੂਪ ਨਾਲ ਉਨ੍ਹਾਂ ਦੇ ਪਾਣੀ ਦੀ ਜਾਂਚ ਕਰਨਾ ਜ਼ਰੂਰੀ ਹੈ। ਇਸ ਵਿੱਚ ਸ਼ਾਮਲ ਹਨ ਛੋਟੇ ਨਿਜੀ ਸਿਸਟਮ, ਜਿਵੇਂ ਕਿ ਰੈਸਟੋਰੈਂਟ ਜਾਂ ਟ੍ਰੇਲਰ ਪਾਰਕ, ਕੋਆਪਰੇਟਿਵ ਢੰਗ ਨਾਲ ਮਾਲਕੀ ਵਾਲੇ ਸਿਸਟਮ, ਜਿਵੇਂ ਕਿ ਸਟ੍ਰੈਟਾ ਸੰਪਤੀਆਂ, ਅਤੇ ਸਥਾਨਕ ਸਰਕਾਰਾਂ ਦੀ ਮਾਲਕੀ ਵਾਲੇ ਵੱਡੇ ਮਿਉਂਸੀਪਲ ਸਿਸਟਮ। ਪਾਣੀ ਦੇ ਨਮੂਨਿਆਂ ਨੂੰ ਜਾਂਚ ਲਈ ਯੋਗ ਪ੍ਰਯੋਗਸ਼ਾਲਾਵਾਂ ਕੋਲ ਭੇਜਿਆ ਜਾਂਦਾ ਹੈ।

ਜੇ ਤੁਸੀਂ ਨਿਜੀ ਖੂਹ ਦੇ ਮਾਲਕ ਹੋ, ਤੁਹਾਨੂੰ ਇਹ ਨਿਰਧਾਰਤ ਕਰਨ ਲਈ ਆਪਣੇ ਖੂਹ ਦੇ ਪਾਣੀ ਦੀ ਜਾਂਚ ਕਰਵਾਉਣ ਦੀ ਲੋੜ ਹੈ ਜੇਕਰ ਪਾਣੀ ਪੀਣ ਲਈ ਸੁਰੱਖਿਅਤ ਹੈ। ਸਿਰਫ ਇਸ ਕਰਕੇ ਤੁਹਾਡੇ ਗੁਆਂਢੀ ਦੇ ਖੂਹ ਨੂੰ ਜਾਂਚਿਆ ਗਿਆ ਹੈ ਅਤੇ ਉਸ ਨੂੰ ਸੁਰੱਖਿਅਤ ਪਾਇਆ ਗਿਆ ਹੈ, ਇਸਦਾ ਮਤਲਬ ਇਹ ਨਹੀਂ ਹੈ ਕਿ ਤੁਹਾਡਾ ਖੂਹ ਵੀ ਸੁਰੱਖਿਅਤ ਹੈ। ਤੁਹਾਡੇ ਖੂਹ ਦੇ ਪਾਣੀ ਦੀ ਸੁਰੱਖਿਆ, ਜਮੀਨ ਦੇ ਸਤਿਹ ਅਤੇ ਥਲੇ ਦੇ ਭੂਵਿਗਿਆਨ, ਖੂਹ ਦੀ ਡੂੰਘਾਈ ਅਤੇ ਬਣਤਰ ਅਤੇ ਦੂਸਰੇ ਕਾਰਕਾਂ ਤੇ ਨਿਰਭਰ ਕਰਦੀ ਹੈ।

ਧਿਆਨ ਰੱਖੋ ਕਿ ਜਾਂਚਾਂ ਤੁਹਾਨੂੰ ਕੇਵਲ ਪਾਣੀ ਦੀ ਉਸ ਦਿਨ ਦੀ ਗੁਣਵੱਤਾ ਬਾਰੇ ਦੱਸਣਗੀਆਂ ਜਿਸ ਦਿਨ ਤੁਸੀਂ ਉਸ ਦੀ ਜਾਂਚ ਕਰਦੇ ਹੋ। ਖੂਹ ਦੇ ਪਾਣੀ ਦੀ ਗੁਣਵੱਤਾ ਸਮੇਂ ਦੇ ਨਾਲ ਬਦਲ ਸਕਦੀ ਹੈ। ਮੌਸਮ, ਰੁੱਤਾਂ, ਸੋਕੇ, ਹੜ੍ਹਾਂ ਜਾਂ ਦੂਸਰੀਆਂ ਘਟਨਾਵਾਂ ਕਰਕੇ ਦੂਸ਼ਣ ਹੋ ਸਕਦਾ ਹੈ। ਤੁਹਾਨੂੰ ਨਿਯਮਿਤ ਰੂਪ ਨਾਲ ਆਪਣੇ ਖੂਹ ਦੇ ਪਾਣੀ ਦੀ ਜਾਂਚ ਕਰਨ ਅਤੇ ਜਾਂਚ ਦੇ ਸਾਰੇ ਨਤੀਜਿਆਂ ਨੂੰ ਭਵਿੱਖ ਵਿੱਚ ਹਵਾਲਿਆਂ ਵਾਸਤੇ ਰੱਖਣ ਦੀ ਲੋੜ ਹੈ।

## ਮੇਰੇ ਖੂਹ ਦਾ ਪਾਣੀ ਅਸੁਰੱਖਿਅਤ ਕਿਉਂ ਹੋ ਸਕਦਾ ਹੈ?

ਤੁਹਾਡੇ ਖੂਹ ਦੇ ਪਾਣੀ ਦਾ ਸਵਾਦ ਅਤੇ ਉਸਦੀ ਦਿੱਖ ਠੀਕ ਹੋ ਸਕਦੀ ਹੈ, ਪਰ, ਅਜਿਹੇ ਕਈ ਸਾਰੇ ਹਾਨੀਕਾਰਕ ਪਦਾਰਥ ਹੋ ਸਕਦੇ ਹਨ ਜਿਹੜੇ ਤੁਸੀਂ ਚੱਖ, ਦੇਖ ਜਾਂ ਸੁੰਘ ਨਹੀਂ ਸਕਦੇ ਜਿਵੇਂ ਕਿ ਬੈਕਟੀਰੀਆ ਅਤੇ ਰਸਾਇਣ, ਜਿਹੜੇ ਤੁਹਾਡੀ ਸਿਹਤ ਤੇ ਅਸਰ ਪਾ ਸਕਦੇ ਹਨ। ਇਹ ਸਤਿਹ ਅਤੇ ਜਮੀਨ ਦੋਵਾਂ ਰਾਹੀਂ ਖੂਹ ਦੇ ਪਾਣੀ ਵਿੱਚ ਦਾਖਲ ਹੋ ਸਕਦੇ ਹਨ, ਅਤੇ ਕੁਦਰਤੀ ਸ੍ਰੋਤਾਂ ਜਾਂ ਮਨੁੱਖੀ ਗਤੀਵਿਧੀਆਂ ਦਾ ਨਤੀਜਾ ਹੋ ਸਕਦੇ ਹਨ। ਉਦਾਹਰਣ ਲਈ, ਨਜਦੀਕ ਦੀਆਂ ਕ੍ਰਿਸ਼ੀ ਅਤੇ ਖੇਤੀਬਾੜੀ ਗਤੀਵਿਧੀਆਂ ਜਾਂ ਸੈਪਟਿਕ ਪ੍ਰਣਾਲੀਆਂ, ਜੇ ਉਨ੍ਹਾਂ ਉਨ੍ਹਾਂ ਨੂੰ ਸਹੀ ਢੰਗ ਨਾਲ ਬਣਾਇਆ ਜਾਂ ਉਨ੍ਹਾਂ ਦਾ ਸਹੀ ਢੰਗ ਨਾਲ ਰਖ ਰਖਾਅ ਨਹੀਂ ਕੀਤਾ ਗਿਆ ਹੈ, ਦਾ ਨਤੀਜਾ ਮਿੱਟੀ ਵਿੱਚ ਨਾਈਟ੍ਰੇਟਾਂ ਅਤੇ ਖਾਦਾਂ ਦਾ ਰਿਸਾਵ ਅਤੇ ਤੁਹਾਡੇ ਖੂਹ ਦੇ ਪਾਣੀ ਦਾ ਦੂਸ਼ਿਤ ਹੋਣਾ ਹੋ ਸਕਦਾ ਹੈ। ਖੂਹ ਦੇ ਮਾੜੇ ਰਖ ਰਖਾਅ ਦਾ ਨਤੀਜਾ ਵੀ ਤੁਹਾਡੇ ਖੂਹ ਦੇ ਪਾਣੀ ਦਾ ਦੂਸ਼ਿਤ ਹੋਣਾ ਹੋ ਸਕਦਾ ਹੈ।

## ਮੈਂ ਆਪਣੇ ਖੂਹ ਦੇ ਪਾਣੀ ਦੀ ਜਾਂਚ ਕਿਸ ਚੀਜ਼ ਲਈ ਕਰਾਂ?

ਖੂਹ ਦੇ ਪਾਣੀ ਲਈ ਜਾਂਚ ਦੀਆਂ 2 ਸ਼੍ਰੇਣੀਆਂ ਹਨ:

1. ਬੈਕਟੀਰੀਆ ਲਈ ਜਾਂਚ
2. ਰਸਾਇਣਿਕ ਪਦਾਰਥਾਂ ਲਈ ਜਾਂਚ

### ਬੈਕਟੀਰੀਆ ਲਈ ਜਾਂਚ

ਬੈਕਟੀਰੀਆ ਲਈ ਜਾਂਚ ਸਾਲ ਵਿੱਚ 2 ਜਾਂ 3 ਵਾਰੀ ਕੀਤੀ ਜਾਣੀ ਚਾਹੀਦੀ ਹੈ। ਪਾਣੀ ਵਿੱਚ ਮਿਲਣ ਵਾਲੇ ਬੈਕਟੀਰੀਆ ਦੀਆਂ ਦੋ ਆਮ ਕਿਸਮਾਂ ਹਨ: ਕੌਲੀਫੌਰਮਜ਼ ਅਤੇ *ਈ.ਕੋਲਾਏ*।

**ਟੋਟਲ ਕੌਲੀਫੌਰਮਜ਼ (Total Coliforms)**
ਟੋਟਲ ਕੌਲੀਫੌਰਮਜ਼ ਵਿੱਚ ਮਿੱਟੀ, ਸਤਹੀ ਪਾਣੀ ਅਤੇ ਜਾਨਵਰਾਂ ਦੀਆਂ ਆਂਤਾਂ ਦੇ ਟ੍ਰੈਕਟਾਂ ਵਿੱਚ ਪਾਏ ਜਾਣ ਵਾਲੇ ਬੈਕਟੀਆ ਸ਼ਾਮਲ ਹਨ। ਸੰਭਵ ਹੈ ਕਿ ਖੂਹ ਵਿੱਚ ਟੋਟਲ ਕੌਲੀਫੌਰਮਜ਼ ਪਾਏ ਜਾਣ ਦਾ ਮਤਲਬ ਇਹ ਨਾ ਹੋਏ ਕਿ ਪਾਣੀ ਪੀਣ ਲਈ ਅਸੁਰੱਖਿਅਤ ਹੈ, ਪਰ ਇਹ ਇਸਦਾ ਸੰਕੇਤ ਜ਼ਰੂਰ ਹੈ ਕਿ:

- ਖੂਹ ਨੂੰ ਸੁਧਰੇ ਹੋਈ ਸਫਾਈ ਜਾਂ ਭੌਤਿਕ ਅੱਪਗ੍ਰੇਡਾਂ ਦੀ ਲੋੜ ਹੋ ਸਕਦੀ ਹੈ
- ਖੂਹ ਦੇ ਸਤਹੀ ਪ੍ਰਦੂਸ਼ਣ ਦੀ ਸੰਭਾਵਨਾ ਹੋ ਸਕਦੀ ਹੈ

***ਏਸ਼ੇਰੀਕੀਆ ਕੋਲਾਏ (ਈ.ਕੋਲਾਏ)* (Escherichia coli (E. coli))**
*ਈ.ਕੋਲਾਏ* ਜਾਨਵਰਾਂ ਦੀਆਂ ਆਂਤਾਂ ਦੇ ਟ੍ਰੈਕਟ ਵਿੱਚ ਪੈਦਾ ਹੁੰਦੇ ਹਨ। ਤੁਹਾਡੇ ਖੂਹ ਵਿੱਚ *ਈ.ਕੋਲਾਏ* ਦੀ ਮੌਜੂਦਗੀ ਦਾ ਮਤਲਬ ਹੋ ਸਕਦਾ ਹੈ ਕਿ ਖੂਹ ਵਿੱਚ ਮਲ ਸੰਬੰਧੀ ਸਮੱਗਰੀ ਦਾਖਲ ਹੋ ਗਈ ਹੈ। ਮਲ ਵਿਚਲੇ ਜੀਵਾਂ ਕਰਕੇ ਦਸਤ ਅਤੇ ਮਤਲੀ ਸਮੇਤ ਪੇਟ ਅਤੇ ਆਂਤਾਂ ਦੀਆਂ ਬੀਮਾਰੀਆਂ ਹੋ ਸਕਦੀਆਂ ਹਨ ਅਤੇ ਇਸ ਦਾ ਨਤੀਜਾ ਮੌਤ ਵੀ ਹੋ ਸਕਦੀ ਹੈ। ਨਿਆਣੇ, ਬੱਚੇ, ਬਜ਼ੁਰਗ ਜਾਂ ਸਰੀਰਕ ਸੁਰੱਖਿਆ ਪ੍ਰਣਾਲੀ ਦੀਆਂ ਕਮੀਆਂ ਜਾਂ ਬੀਮਾਰੀਆਂ ਵਾਲੇ ਲੋਕ ਜਿਆਦਾ ਗੰਭੀਰਤਾ ਨਾਲ ਪ੍ਰਭਾਵਿਤ ਹੋ ਸਕਦੇ ਹਨ।

ਤੁਹਾਡੇ ਪੀਣ ਦੇ ਪਾਣੀ ਵਿੱਚ *ਈ.ਕੋਲਾਏ* ਸਿਹਤ ਸੰਬੰਧੀ ਫੌਰੀ ਚਿੰਤਾ ਹੈ ਅਤੇ ਪਾਣੀ ਪੀਣ ਵਾਸਤੇ ਸੁਰੱਖਿਅਤ ਨਹੀਂ ਹੈ।

ਹੋਰ ਜਾਣਕਾਰੀ ਵਾਸਤੇ, ਮਨਿਸਟਰੀ ਆਫ ਏਨਵਾਇਰਨਮੈਂਟ ਦੀ ਗਰਾਉਂਡਵੌਟਰ ਵਿੱਚ ਟੋਟਲ, ਫੀਕਲ ਐਂਡ *ਈ.ਕੋਲਾਏ* ਬੈਕਟੀਰੀਆ (Total, Fecal & *E. coli* Bacteria in Groundwater) ਤੱਥ ਸੀਟ ਦੇਖੋ। www2.gov.bc.ca/assets/gov/environment/air-land-water/water/water-wells/coliform020715_fin2.pdf (PDF 179 KB).

### ਰਸਾਇਣਿਕ ਪਦਾਰਥਾਂ ਲਈ ਜਾਂਚ

ਰਸਾਇਣਿਕ ਪਦਾਰਥਾਂ ਲਈ ਜਾਂਚ ਨਿਯਮਿਤ ਅਧਾਰ ਤੇ ਕੀਤੀ ਜਾਣੀ ਚਾਹੀਦੀ ਹੈ, ਆਮਤੌਰ ਤੇ ਘੱਟੋ ਘੱਟ ਹਰ 5 ਸਾਲਾਂ ਬਾਅਦ। ਬੀ.ਸੀ. ਦੇ ਜਮੀਨੀ ਪਾਣੀ ਵਿੱਚ ਆਮਤੌਰ ਤੇ ਚਿੰਤਾ ਵਾਲੇ ਰਸਾਇਣ ਹਨ: ਨਾਈਟ੍ਰੇਟਸ (ਸ਼ੋਰਾ), ਫਲੋਰਾਇਡ ਅਤੇ ਆਰਸੇਨਿਕ, ਸੀਸੇ, ਤਾਂਬੇ ਅਤੇ ਮੈਨਗਨੀਜ਼ ਵਰਗੀਆਂ ਧਾਤਾਂ।

**ਨਾਈਟ੍ਰੇਟਸ/ਸ਼ੋਰਾ**
ਬੀ.ਸੀ. ਭਰ ਵਿੱਚ ਕਈ ਸਾਰੇ ਖੂਹਾਂ ਵਿੱਚ ਨਾਈਟ੍ਰੇਟਸ ਦੇ ਉੱਚ ਸਤਰ ਪਾਏ ਗਏ ਹਨ। ਆਮਤੌਰ ਤੇ ਉਨ੍ਹਾਂ ਖੇਤਰਾਂ ਵਿੱਚ ਜਿਥੇ ਸੰਭਵ ਹੈ ਕਿ ਜਮੀਨੀ ਪਾਣੀ ਸਤਹੀ

ਗਤੀਵਿਧੀਆਂ ਜਿਵੇਂ ਕਿ ਬਹੁਤ ਜਿਆਦਾ ਕ੍ਰਿਸ਼ੀ ਜਾਂ ਖੇਤੀਬਾੜੀ ਕਰਕੇ ਦੂਸ਼ਿਤ ਹੋ ਗਿਆ ਹੈ। ਹੋਰ ਜਾਣਕਾਰੀ ਲਈ, HealthLinkBC File #05a ਖੂਹ ਦੇ ਪਾਣੀ ਵਿੱਚ ਨਾਈਟ੍ਰੇਟਸ ਦੇਖੋ।

**ਧਾਤਾਂ**

ਕਿਉਂਕਿ ਖੂਹ ਦਾ ਪਾਣੀ ਜ਼ਮੀਨ ਦੇ ਹੇਠੋਂ ਆਉਂਦਾ ਹੈ, ਮਿੱਟੀ ਅਤੇ ਪੱਥਰਾਂ ਵਿਚਲੀਆਂ ਵੱਖ ਵੱਖ ਧਾਤਾਂ ਘੁਲ ਕੇ ਪਾਣੀ ਵਿੱਚ ਮਿਲ ਸਕਦੀਆਂ ਹਨ। ਕਈ ਧਾਤਾਂ ਜਿਵੇਂ ਕਿ ਆਰਸੇਨਿਕ, ਦੇ ਸਿਹਤ ਤੇ ਗੰਭੀਰ ਅਤੇ ਲੰਮੇ ਸਮੇਂ ਦੀ ਮਿਆਦ ਵਾਲੇ ਸਿਹਤ ਸੰਬੰਧੀ ਪ੍ਰਭਾਵ ਹੋ ਸਕਦੇ ਹਨ ਜੇ ਉਹ ਬਹੁਤ ਜਿਆਦਾ ਮਾਤਰਾ ਵਿੱਚ ਹੁੰਦੇ ਹਨ। ਦੂਸਰੀਆਂ ਧਾਤਾਂ, ਜਿਵੇਂ ਕਿ ਸੀਸਾ ਅਤੇ ਤਾਂਬਾ ਵੀ ਪਾਈਪਾਂ ਅਤੇ ਟਾਂਕੇ ਲਗਾਏ ਗਏ ਜੋੜਾਂ ਵਿੱਚੋਂ ਪਾਣੀ ਵਿੱਚ ਘੁਲ ਸਕਦੀਆਂ ਹਨ। ਕਈਆਂ ਲਈ, ਪਰ ਸਾਰੀਆਂ ਧਾਤਾਂ ਲਈ ਨਹੀਂ, ਸੰਭਵ ਹੈ ਕਿ ਤੁਸੀਂ ਸਵਾਦ, ਸੁਗੰਧ ਜਾਂ ਨਲਕਿਆਂ ਆਦਿ ਤੇ ਦਾਗ ਦੇਖੋ।

**ਦੂਸਰੇ ਰਸਾਇਣ**

ਖੂਹ ਦੇ ਪਾਣੀ ਵਿੱਚ ਪਾਏ ਜਾਣ ਵਾਲੇ ਰਸਾਇਣ ਮਨੁੱਖੀ ਗਤੀਵਿਧੀਆਂ ਅਤੇ ਕੁਦਰਤੀ ਸ੍ਰੋਤਾਂ ਤੋਂ ਆ ਸਕਦੇ ਹਨ। ਕੁਦਰਤੀ ਤੌਰ ਤੇ ਪਾਏ ਜਾਣ ਵਾਲੇ ਜਿਆਦਾਤਰ ਰਸਾਇਣ ਘੱਟ ਮਾਤਰਾਵਾਂ ਵਿੱਚ ਪਾਏ ਜਾਂਦੇ ਹਨ ਜਿੰਨਾਂ ਕੋਲੋਂ ਮਨੁੱਖੀ ਸਿਹਤ ਨੂੰ ਬਹੁਤ ਘੱਟ ਜਾਂ ਕੋਈ ਵੀ ਖਤਰਾ ਨਹੀਂ ਹੁੰਦਾ। ਉਦਾਹਰਣ ਲਈ, ਫਲੋਰਾਇਡ ਦੇ ਘੱਟ ਸਤਰ ਦੇ ਦੰਦਾਂ ਸੰਬੰਧੀ ਲਾਭ ਹੁੰਦੇ ਹਨ, ਪਰ ਉੱਚੇ ਸਤਰਾਂ ਦਾ ਬੱਚਿਆਂ ਵਿੱਚ ਸਿਹਤਮੰਦ ਹੱਡੀਆਂ ਅਤੇ ਦੰਦਾਂ ਦੇ ਵਿਕਾਸ ਤੇ ਨਕਾਰਾਤਮਕ ਅਸਰ ਹੋ ਸਕਦਾ ਹੈ। ਵਧੇਰੇ ਜਾਣਕਾਰੀ ਲਈ HealthLinkBC File #28 ਪਾਣੀ ਦੀ ਫਲੋਰੀਡੇਸ਼ਨ ਸੰਬੰਧੀ ਤੱਥ ਦੇਖੋ।

ਜੇ ਤੁਸੀਂ ਖੇਤੀ ਬਾੜੀ ਜਾਂ ਫਾਰਮ ਵਾਲੇ ਖੇਤਰ ਵਿੱਚ ਰਹਿੰਦੇ ਹੋ, ਤੁਸੀਂ ਕੀੜੇਮਾਰਾਂ ਲਈ ਵੀ ਜਾਂਚ ਕਰਨਾ ਚਾਹ ਸਕਦੇ ਹੋ। ਜੇਕਰ ਤੁਸੀਂ ਗੈਸ ਸਟੇਸ਼ਨ, ਉਦਯੋਗਿਕ ਖੇਤਰ ਦੇ ਨੇੜੇ ਰਹਿੰਦੇ ਹੋ ਜਾਂ ਤੁਹਾਡੇ ਭਾਈਚਾਰੇ ਵਿੱਚ ਰਸਾਇਣਾਂ ਦੇ ਡੁਲ੍ਹਣ ਜਾਂ ਦੂਸ਼ਿਤ ਕਰਨ ਵਾਲੇ ਦੂਸਰੇ ਗਿਆਤ ਪਦਾਰਥਾਂ ਦਾ ਇਤਿਹਾਸ ਹੈ, ਤਾਂ ਰਸਾਇਣਾਂ ਦੇ ਜਿਆਦਾ ਵਿਸਤ੍ਰਿਤ ਮਿਸ਼ਰਨ ਵਾਸਤੇ ਜਾਂਚ ਕਰਵਾਉਣ ਬਾਰੇ ਸੋਚੋ।

ਹੋਰ ਜਾਣਕਾਰੀ ਲਈ, ਤੁਹਾਡੇ ਸਥਾਨਕ ਹੈਲਥ ਅਥਾਰਿਟੀ ਆਫਿਸ ਜਾਂ www2.gov.bc.ca/assets/gov/environment/air-land-water/safe-water-supply-vital-health.pdf (PDF 183 KB) ਤੇ ਉਪਲਬਧ ਸੇਫ ਵੌਟਰ ਸਪਲਾਈ: ਵਾਈਟਲ ਟੂ ਯੌਰ ਹੈਲਥ (Safe Water Supply: Vital to Your Health) ਰਿਪੋਰਟ ਦੇਖੋ।

## ਮੈਂ ਆਪਣੇ ਖੂਹ ਦੇ ਪਾਣੀ ਦੀ ਜਾਂਚ ਕਿਵੇਂ ਕਰਵਾਵਾਂ?

ਤੁਸੀਂ ਆਪਣੇ ਖੂਹ ਦੇ ਪਾਣੀ ਦੀ ਜਾਂਚ ਕਿਥੇ ਕਰਵਾਉਣੀ ਹੈ ਬਾਰੇ ਜਾਣਕਾਰੀ ਲਈ ਜਾਂ ਆਪਣੇ ਖੇਤਰ ਵਿੱਚ ਦੂਸ਼ਿਤ ਕਰਨ ਵਾਲੇ ਸੰਭਾਵੀ ਪਦਾਰਥਾਂ ਬਾਰੇ ਰਿਪੋਰਟ ਕਰਨ ਵਾਸਤੇ ਆਪਣੀ ਸਥਾਨਕ ਹੈਲਥ ਅਥਾਰਿਟੀ ਦੇ ਰਾਹੀਂ ਆਪਣੇ ਡ੍ਰਿੰਕਿੰਗ ਵੌਟਰ ਆਫਿਸਰ (ਡੀਡਬਲਿਯੂਓ) ਅਤੇ/ਜਾਂ ਐਨਵਾਇਰਨਮੈਂਟਲ ਹੈਲਥ ਆਫੀਸਰ (ਈਐਚਓ) ਨਾਲ ਸੰਪਰਕ ਕਰੋ। ਹੈਲਥ ਅਥਾਰਿਟੀ ਦੀ ਸੰਪਰਕ ਜਾਣਕਾਰੀ ਵਾਸਤੇ ਮਨਿਸਟਰੀ ਆਫ ਹੈਲਥ – ਡ੍ਰਿੰਕਿੰਗ ਵੌਟਰ ਕੁਆਲਿਟੀ (Ministry of Health - Drinking Water Quality) ਤੇ ਜਾਓ www2.gov.bc.ca/gov/content/environment/air-land-water/water/water-quality/drinking-water-quality/health-authority-contacts.

ਡੀਡਬਲਿਯੂਓ (DWO) ਤੁਹਾਨੂੰ ਉਨ੍ਹਾਂ ਮਾਨਤਾ ਪ੍ਰਾਪਤ ਪ੍ਰਯੋਗਸ਼ਾਲਾਵਾਂ ਦੇ ਬਾਰੇ ਸਲਾਹ ਦੇ ਸਕਦਾ ਹੈ ਜਿਹੜੀਆਂ ਖੂਹ ਦੇ ਪਾਣੀ ਦੀ ਜਾਂਚ ਕਰ ਸਕਦੀਆਂ ਹਨ। ਪ੍ਰਯੋਗਸ਼ਾਲਾ ਤੁਹਾਨੂੰ ਨਮੂਨੇ ਵਾਸਤੇ ਲੂੜੀਂਦੀਆਂ ਬੋਤਲਾਂ ਅਤੇ ਹਿਦਾਇਤਾਂ ਭੇਜੇਗੀ। ਹਿਦਾਇਤਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਤੇ ਪੂਰੀ ਤਰ੍ਹਾਂ ਅਮਲ ਕਰੋ। ਪ੍ਰਯੋਗਸ਼ਾਲਾ (ਜਾਂ ਤੁਹਾਡੀ ਸਥਾਨਕ ਹੈਲਥ ਅਥਾਰਿਟੀ) ਤੁਹਾਨੂੰ ਜਾਂਚ ਦੇ ਨਤੀਜਿਆਂ ਨੂੰ ਸਮਝਣ ਅਤੇ ਇਹ ਨਿਰਧਾਰਤ ਕਰਨ ਵਿੱਚ ਸਹਾਇਤਾ ਕਰਨ ਲਈ ਜਾਣਕਾਰੀ ਮੁਹੱਈਆ ਕਰ ਸਕਦੀ ਹੈ ਜੇਕਰ ਪਾਣੀ ਵਿੱਚ ਕੋਈ ਸਮੱਸਿਆ ਹੈ।

## ਜੇ ਜਾਂਚ ਦੇ ਨਤੀਜੇ ਸੰਭਾਵੀ ਦੂਸ਼ਣ ਦਿਖਾਉਂਦੇ ਹਨ ਤਾਂ ਕੀ?

ਜੇ ਨਤੀਜੇ ਸੇਧਾਂ ਤੇ ਜਾਂ ਉਨ੍ਹਾਂ ਦੇ ਨੇੜੇ ਹਨ, ਸਿਹਤ ਸੰਬੰਧੀ ਫੌਰੀ ਚਿੰਤਾਵਾਂ ਦੀ ਸੰਭਾਵਨਾ ਨਹੀਂ ਹੈ, ਪਰ ਦੂਸਣਾਂ ਨੂੰ ਹਟਾਉਣ ਵਾਸਤੇ ਲੰਮੇ ਸਮੇਂ ਦੇ ਉਪਚਾਰ ਬਾਰੇ ਸੋਚਿਆ ਜਾਣਾ ਚਾਹੀਦਾ ਹੈ। ਕਿਸੀ ਵੀ ਵੇਲੇ ਜਦੋਂ ਜਾਂਚ ਦੇ ਨਤੀਜੇ ਸੇਧਾਂ ਤੋਂ ਕਾਫੀ ਉਪਰ ਹੁੰਦੇ ਹਨ, ਤੁਹਾਨੂੰ ਸਲਾਹ ਵਾਸਤੇ ਡੀਡਬਲਿਯੂਓ (DWO) ਨਾਲ ਸੰਪਰਕ ਕਰਨਾ ਚਾਹੀਦਾ ਹੈ।

ਬੈਕਟੀਰੀਆ ਲਈ ਕੀਤੀ ਗਈ ਜਾਂਚ ਦੇ ਮਾੜੇ ਨਤੀਜੇ ਸਿਹਤ ਸੰਬੰਧੀ ਇੱਕ ਫੌਰੀ ਚਿੰਤਾ ਹਨ। ਜਿਥੇ *ਈ.ਕੋਲਾਏ* ਮਿਲਦਾ ਹੈ, ਤੁਹਾਨੂੰ ਆਪਣੇ ਪੀਣ ਦੇ ਪਾਣੀ ਨੂੰ ਪੀਣ, ਭੋਜਨ ਤਿਆਰ ਕਰਨ ਵਾਸਤੇ ਵਰਤਣ ਜਾਂ ਆਪਣੇ ਦੰਦ ਸਾਫ ਕਰਨ ਤੋਂ ਪਹਿਲਾਂ ਉਸਦਾ ਉਪਚਾਰ ਕਰਨਾ ਚਾਹੀਦਾ ਹੈ। ਉਪਚਾਰ ਦੇ ਸਮੇਂ ਦੀ ਛੋਟੀ ਮਿਆਦ ਦੇ ਵਿਕਲਪਾਂ ਜਿਵੇਂ ਕਿ ਪਾਣੀ ਨੂੰ ਉਬਾਲਣਾ ਲਈ, HealthLinkBC File #49b ਪੀਣ ਵਾਲੇ ਪਾਣੀ ਨੂੰ ਰੋਗਾਣੂ ਰਹਿਤ ਕਰਨਾ ਦੇਖੋ। ਤੁਹਾਨੂੰ ਸਾਰੇ *ਈ.ਕੋਲਾਏ* ਨਤੀਜਿਆਂ ਦੇ ਸ੍ਰੋਤ ਦੀ ਪੜਤਾਲ ਕਰਨੀ ਚਾਹੀਦੀ ਹੈ ਅਤੇ ਜੇ ਉਨ੍ਹਾਂ ਨੂੰ ਠੀਕ ਨਹੀਂ ਕੀਤਾ ਜਾ ਸਕਦਾ, ਆਪਣੇ ਪਾਣੀ ਲਈ ਉਪਚਾਰ ਦਾ ਲੰਬੇ ਮਿਆਦ ਦਾ ਸਮਾਧਾਨ ਲੱਭੋ।

ਆਪਣੇ ਖੂਹ ਨੂੰ ਰੋਗਾਣੂ ਰਹਿਤ ਕਰਨ ਬਾਰੇ ਹੋਰ ਜਾਣਕਾਰੀ ਲਈ, ਡੀਡਬਲਿਯੂਓ (DWO) ਨਾਲ ਸਲਾਹ ਕਰੋ ਜਾਂ www2.gov.bc.ca/assets/gov/environment/air-land-water/water/water-wells/bc_gov_5402_water_well_disinfection_webbrochure.pdf (PDF 3.42 MB) ਤੇ "ਖੂਹ ਦੇ ਪਾਣੀ ਨੂੰ ਰੋਗਾਣੂ ਰਹਿਤ ਕਰਨਾ: ਕਲੋਰੀਨੇਸ਼ਨ ਦਾ ਸਰਲ ਢੰਗ ਵਰਤ ਕੇ" (Water Well Disinfection: Using the Simple Chlorination Method) ਦੇਖੋ।

ਹੈਲਥ ਕੈਨੇਡਾ ਦੀਆਂ ਕਨੇਡੀਅਨ ਡ੍ਰਿੰਕਿੰਗ ਵੌਟਰ ਸੇਧਾਂ (Canadian Drinking Water Guidelines) www.canada.ca/en/health-canada/services/environmental-workplace-health/water-quality/drinking-water/canadian-drinking-water-guidelines.html ਤੇ ਪੀਣ ਦੇ ਪਾਣੀ ਵਿਚਲੇ ਦੂਸ਼ਿਤ ਕਰਨ ਵਾਲੇ ਸੰਭਾਵੀ ਪਦਾਰਥਾਂ ਦੀ ਵਿਆਪਕ ਰੇਂਜ ਦੀਆਂ ਅਧਿਕਤਮ ਸਵੀਕਾਰਯੋਗ ਮਾਤਰਾਵਾਂ ਦੀ ਸਿਫਾਰਸ਼ ਕਰਦੀਆਂ ਹਨ।

## ਲੰਮੇ ਸਮੇਂ ਦਾ ਉਪਚਾਰ ਕੀ ਹੈ?

ਪਾਣੀ ਦਾ ਉਪਚਾਰ ਕਰਨ ਵਾਸਤੇ ਬਹੁਤ ਸਾਰੇ ਵੱਖ ਵੱਖ ਕਿਸਮ ਦੇ ਯੰਤਰ ਹਨ ਜਿਹੜੇ ਵੱਖ ਵੱਖ ਕਿਸਮ ਦੇ ਦੂਸ਼ਿਤ ਕਰਨ ਵਾਲੇ ਪਦਾਰਥਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹਟਾਉਂਦੇ ਹਨ। ਤੁਹਾਡਾ ਸਥਾਨਕ ਡੀਡਬਲਿਯੂਓ (DWO) ਤੁਹਾਡੇ ਉਪਚਾਰ ਵਿਕਲਪਾਂ ਬਾਰੇ ਆਮ ਸਲਾਹ ਦੇ ਸਕਦਾ ਹੈ ਅਤੇ ਪਾਣੀ ਦੇ ਉਪਚਾਰ ਦੀ ਸਪਲਾਈ ਕੰਪਨੀ ਤੁਹਾਡੇ ਪਾਣੀ ਦੀ ਗੁਣਵੱਤਾ ਸੰਬੰਧੀ ਖਾਸ ਸਮੱਸਿਆ ਲਈ ਸਮਾਧਾਨ ਮੁਹੱਈਆ ਕਰ ਸਕਦੀ ਹੈ।

ਫਾਈਨਲ ਚੋਣ ਅਤੇ ਰਖ-ਰਖਾਅ ਅਤੇ ਫੋਲੋ-ਅੱਪ ਸੈਂਪਲਿੰਗ ਸਮੇਤ, ਕਿਸੇ ਵੀ ਯੰਤਰ ਦੇ ਨਾਲ ਸੰਬੰਧਤ ਖਰਚੇ ਨੀਜੀ ਖੂਹ ਦੇ ਮਾਲਕ ਦੀ ਜ਼ਿੰਮੇਵਾਰੀ ਹਨ।

ਖੂਹ ਦੇ ਪਾਣੀ ਬਾਰੇ ਹੋਰ ਜਾਣਕਾਰੀ ਵਾਸਤੇ, www2.gov.bc.ca/gov/content/environment/air-land-water/water/groundwater-wells ਤੇ ਮਨਿਸਟਰੀ ਆਫ ਐਨਵਾਇਰਨਮੈਂਟ – ਵੌਟਰ ਪ੍ਰੋਟੈਕਸ਼ਨ ਐਂਡ ਸਸਟੇਨੇਬਿਲਿਟੀ ਬ੍ਰਾਂਚ (Ministry of Environment – Water Protection & Sustainability Branch) ਜਾਂ ਡੀਡਬਲਿਯੂਓ (DWO) ਨਾਲ ਸੰਪਰਕ ਕਰੋ।